# ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ

ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ॥

ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ॥੧॥ ਰਹਾਉ ॥

ਇਹ ਸ਼ਬਦ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੬੯੨ ਤੇ, ਧਨਾਸਰੀ ਰਾਗ ਵਿਚ ਅੰਕਤ ਹੈ।

-- ਭਗਤ ਕਬੀਰ ਜੀ ਜ਼ੋਰ ਦੇ ਕੇ ਹਦਾਇਤ ਕਰ ਰਹੇ ਹਨ ਕਿ 'ਹੇ ਭਾਈ ਪ੍ਰਭੂ ਦਾ ਸਿਮਰਨ ਕਰ, ਰਾਮ ਨੂੰ ਸਿਮਰ, ਰਾਮ ਨਾਮ ਦਾ ਸਿਮਰਣ ਕਰ।'

ਬਿਲਕੁਲ ਇਸੇ ਹੀ ਤਰਜ਼ ਤੇ, ਪੰਨਾ ੧੩੫੨ ਤੇ, ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਵੀ ਹਦਾਇਤ ਕੀਤੀ ਹੈ ਕਿ ਹੇ ਬੰਦੇ ! ਰਾਮ ਪ੍ਰਭੂ ਦਾ ਨਾਮ ਸਿਮਰ, ਸਿਮਰ, ਇਸੇ ਲਈ ਤੇਰਾ ਜਨਮ ਹੋਇਆ ਹੈ - 'ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥' ਅਤੇ ਸਾਵਧਾਨ ਕਰਦੇ ਹਨ ਕਿ ਤੈਨੂੰ ਵਾਰ ਵਾਰ ਕਿਹਾ ਜਾ ਰਿਹਾ ਹੈ ਕਿ ਰਾਮ ਦਾ ਸਿਮਰਣ ਕਰ ਲੈ, ਤੂੰ ਗੰਵਾਰ, ਇਸ ਗਲ ਨੂੰ ਕਿਉਂ ਨਹੀਂ ਸਮਝਦਾ, ਇਸ ਬਰਫ਼ ਦੇ ਗੜੇ ਵਰਗੇ, ਛਿੰਨ-ਭੰਗਰ ਕਚੇ ਸਰੀਰ ਦੇ ਨਾਸ ਹੋਣ ਨੂੰ ਦੇਰ ਨਹੀਂ ਲਗਣੀ - 'ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤ ਹੈ॥ ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ॥ ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ॥'

-- ਕਬੀਰ ਜੀ ਅਗੋਂ ਸਮਝਾਉਂਦੇ ਹਨ ਕਿ ਰਾਮ (ਵਾਹਗੁਰੂ) ਦੇ ਸਿਮਰਨ ਤੋਂ ਬਿਨਾਂ ਅਨੇਕਾਂ ਜੀਵ ਭਵਜਲ ਸੰਸਾਰ ਸਾਗਰ ਵਿਚ ਡੁਬਦੇ ਹਨ, ਭਾਵ, ੮੪ ਲਖ ਜੂਨਾਂ ਦੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੭੧੨ ਤੇ, ਫ਼ੁਰਮਾਣ ਕਰਦੇ ਹਨ ਕਿ ਸਿਮਰਣ ਤੋਂ ਬਿਨਾ ਜੀਵਨ ਇਸ ਤਰ੍ਹਾਂ ਹੈ ਜਿਵੇਂ ਸਪ, ਹਮੇਸ਼ਾਂ ਜ਼ਹਿਰ ਉਗਲਦਾ ਅਤੇ ਕ੍ਰੋਧ ਵਿਚ ਸੜਦਾ ਰਹਿੰਦਾ ਹੈ। ਸਿਮਰਣ ਤੋਂ ਬਿਨਾਂ ਭਾਵੇਂ ਮਨੁਖ, ਭਾਵੇਂ ਨੌ ਖੰਡਾਂ ਦਾ ਰਾਜ ਵੀ ਕਮਾ ਲਏ, ਅੰਤ ਨੂੰ ਇਸ ਦੁਨੀਆਂ ਤੇ ਸਭ ਕੁਝ ਹਾਰ ਕੇ ਜਾਂਦਾ ਹੈ - 'ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥ ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥'

ਮਹਾਰਾਜ, ਸਹਸਕ੍ਰਿਤੀ ਸਲੋਕਾਂ ਵਿਚ ਹੋਰ ਵੀ ਸਾਫ਼ ਕਰਦੇ ਹਨ ਕਿ ਜੋ ਪ੍ਰਾਣੀ ਗੁਰ ਮੰਤਰ ਦੇ ਜਾਪ ਤੋਂ ਸਖਣਾ ਹੈ, ਗੁਰੂ ਦੇ ਦਿਤੇ ਮੰਤਰ, ਵਾਹਗੁਰੂ ਦਾ ਸਿਮਰਣ ਨਹੀਂ ਕਰਦਾ, ਉਸਦਾ ਜੀਵਣ ਧਿਕਾਰ ਜੋਗ ਹੈ ਅਤੇ ਜਨਮਾਂ-ਬਧੀ ਭਟਕਦਾ ਰਹਿੰਦਾ ਹੈ, ਉਹ ਤਾਂ ਕੁਤਾ, ਸੂਰ, ਗਧਾ, ਕਾਂ, ਸੱਪ ਜਾਣੋਂ ਅਤੇ ਜਿਨਾਂ ਮਰਜ਼ੀ ਅਕਲ ਵਾਲਾ ਬਣੇ, ਮਹਾਂ ਮੂਰਖ ਦੇ ਤੁਲ ਹੈ - 'ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲ ਖਲਹ॥'

ਭਗਤ ਕਬੀਰ ਜੀ, ਪੰਨਾ ੧੧੦੩ ਤੇ ਵੀ ਇਹੀ ਸਚਿਆਈ ਸਮਝਾ ਰਹੇ ਹਨ ਕਿ ਪ੍ਰਭੂ ਦਾ ਨਾਮ ਜਪਣ ਲਈ ਮੇਰੀ ਨਹੀਂ ਮੰਨਣੀ ਤਾਂ ਨਾਰਦ ਜੀ ਦੇ ਬਚਨ ਹੀ ਮੰਨ ਲਓ, ਬਿਆਸ

ਰਿਖੀ ਵੀ ਇਹੀ ਉਪਦੇਸ ਦਿੰਦੇ ਹਨ, ਬੇਸ਼ਕ ਰਿਖੀ ਸੁਕਦੇਵ ਨੂੰ ਹੀ ਪੁਛ ਲਉ। ਸਾਰੇ ਇਹੀ ਉਪਦੇਸ਼ ਦੇ ਗਏ ਹਨ ਕਿ ਰਾਮ ਨਾਮ ਜਪ ਕੇ ਛੁਟ ਜਾਉਗੇ ਨਹੀਂ ਤਾ ਭਵਜਲ ਸੰਸਾਰ ਸਾਗਰ ਵਿਚ ਡੁਬੇ ਸਮਝੋ - 'ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥ ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥' ਫ਼ਿਰ ਫ਼ੁਰਮਾਣ ਕਰਦੇ ਹਨ ਕਿ ਜਿਤਨੇ ਮਰਜ਼ੀ ਸਿਆਣੇ ਹੋਵੋ, ਜਿਸ ਨੇ ਰਾਮ, ਵਾਹਿਗੁਰੂ ਨੂੰ ਨਹੀਂ ਸਿਮਰਿਆ, ਉਹ ਆਪਣੀ ਸਿਆਣਪ, ਭਾਵ, ਵਿਦਵਤਾ ਵਿਚ ਹੀ ਡੁਬ ਮਰੇ - 'ਕਹੁ ਕਬੀਰ ਜਿਹ ਰਾਮੁ ਨ ਚੇਤਿਓ ਬੂਡੇ ਬਹੁਤੁ ਸਿਆਨੇ॥', ਪੰਨਾ ੧੧੨੪.

**ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥**

**ਇਨ੍ਹ ਮੈ ਕਛੂ ਨਾਹਿ ਤੇਰੋ ਕਾਲ ਅਵਧ ਆਈ ॥੧॥**

-- ਪਤਨੀ, ਪੁਤਰ, ਸਰੀਰ, ਘਰ ਅਤੇ ਦੌਲਤ ਸੁਖ ਦੇਣ ਵਾਲੇ ਪ੍ਰਤੀਤ ਹੁੰਦੇ ਹਨ ;

-- ਪਰ ਇਨ੍ਹਾਂ ਵਿਚੋਂ ਕੋਈ ਵੀ ਆਪਣੇ ਨਹੀਂ, ਮੌਤ ਨੇ ਆਪਣੇ ਸਮੇਂ ਤੇ ਹਰ ਇਕ ਨੂੰ ਲੈ ਹੀ ਜਾਣਾ ਹੈ। ਭਾਵ, ਕੋਈ ਵੀ ਨਾਲ ਨਹੀਂ ਨਿਭੇਗਾ।੧।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੀ ਪੰਨਾ ੫੩੬ ਤੇ ਫ਼ੁਰਮਾਣ ਕਰਦੇ ਹਨ ਕਿ ਸੰਸਾਰ ਦੀਆਂ ਸਾਰੀਆਂ ਪ੍ਰੀਤਾਂ ਝੂਠੀਆਂ ਹਨ। ਹਰ ਕੋਈ ਆਪਣੇ ਸੁਖ ਨਾਲ ਮਤਲਬ ਰਖਦਾ ਹੈ, ਭਾਵੇਂ ਉਹ ਪਤਨੀ ਹੋਵੇ, ਭਾਵੇਂ ਕੋਈ ਮਿਤਰ ਸਖਾ। ਇਹ ਦੁਨੀਆਂ ਦੀ ਅਸਚਰਜ ਰੀਤ ਹੈ ਅੰਤ ਸਮੇਂ ਕੋਈ ਨਾਲ ਨਹੀਂ ਨਿਭ ਸਕਦਾ - 'ਜਗਤ ਮੈ ਝੂਠੀ ਦੇਖੀ ਪ੍ਰੀਤਿ॥ ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥ ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥ ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥'

ਮਹਾਰਾਜ, ੧੨੩੧ ਪੰਨੇ ਤੇ ਵੀ ਅਜਿਹਾ ਹੀ ਬਚਨ ਕਰਦੇ ਹਨ - 'ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥ ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥'

**ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥**

**ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥੨॥**

-- ਪੁਰਾਤਨ ਸਾਖੀਆਂ ਹਨ ਕਿ ਅਜਾਮਲ, ਹਾਥੀ ਅਤੇ ਗਨਿਕਾ ਬੇਸ਼ੱਕ ਮੰਦ ਕਰਮੀ ਸਨ ;

-- ਪਰ ਇਨ੍ਹਾਂ ਨੇ ਆਪਣੇ ਆਪਣੇ ਸਮੇਂ ਦੇ ਮਹਾਤਮਾਵਾਂ ਦੇ ਆਖੇ ਲਗ ਕੇ ਰਾਮ ਦਾ ਸਿਮਰਨ ਕੀਤਾ, ਜਿਸ ਨਾਲ ਉਨ੍ਹਾਂ ਦਾ ਪਾਰ ਉਤਾਰਾ ਹੋ ਗਿਆ, ਭਾਵ ਉਹ ੮੪ ਲਖ ਜੂਨਾਂ ਦੇ ਜਨਮ ਮਰਨ ਦੇ ਗੇੜ ਤੋਂ ਬਚ ਗਏ।੨।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ੮੩੦ ਪੰਨੇ ਤੇ ਬਚਨ ਕਰਦੇ ਹਨ ਕਿ ਅਜਾਮਲ, ਗਨਿਕਾ ਵਰਗੇ ਮੰਦ ਕਰਮੀ ਵੀ ਸਿਮਰਣ ਕਰ ਕੇ ਮੁਕਤ ਹੋ ਗਏ। ਹਾਥੀ ਵੀ ਰਾਮ ਨੂੰ ਚੇਤੇ ਕਰਦਿਆਂ ਹੀ, ਇਕ ਖਿੰਨ ਵਿਚ ਹੀ ਉਧਰ ਗਿਆ - 'ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ

ਜੀਅ ਜਾਨੋ॥...ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮ ਬਖਾਨੋ॥'

ਭਗਤ ਨਾਮਦੇਵ ਜੀ ਬਚਨ ਕਰਦੇ ਹਨ ਕਿ ਰਾਮ ਦਾ ਜਾਪ ਜਪਣ ਨਾਲ, ਸਿਮਰਣ ਕਰਣ ਨਾਲ ਸਭ ਪਾਰ ਹੋ ਜਾਂਦੇ ਹਨ, ਭਾਵੇਂ ਉਹ ਮੰਦ ਕਰਮੀ ਹੀ ਰਹੇ ਹੋਣ, ਜਿਵੇਂ ਗਨਿਕਾ, ਇਕ ਵੇਸਵਾ, ਰੂਪ ਹੀਨ ਕੁਬਿਜਾ, ਵਿਕਾਰੀ ਅਜਾਮਲ। ਇਹ ਸਭ ਨਾਮ ਜਪਣ ਕਰ ਕੇ ਤਰ ਗਏ, ਜੋ ਵਿਅਕਤੀ ਨਾਮ ਜਪਣ ਲਗ ਜਾਣ ਉਹ ਕਿਉਂ ਨਾ ਤਰਨਗੇ - 'ਰਾਮ ਕਹਤ ਜਨ ਕਸ ਨ ਤਰੇ॥..ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥', ਪੰਨਾ ੩੪੫.

**ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ॥**

**ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ॥੩॥**

-- ਹੇ ਭਾਈ ! ਕਈ ਜਨਮ ਸੂਰ, ਕੁਤੇ ਆਦਿ ਦੀਆਂ ਜੂਨਾਂ ਵਿਚੋਂ ਲੰਘ ਕੇ ਆਉਣ ਦੇ ਬਾਵਜੂਦ ਅਜੇ ਵੀ ਤੈਨੂੰ ਸ਼ਰਮ ਨਹੀਂ ਆਈ :

-- ਅਜੇ ਵੀ ਰਾਮ ਦੇ ਨਾਮ ਸਿਮਰਨ ਰੂਪੀ ਅੰਮ੍ਰਿਤ ਨੂੰ ਛੱਡ ਕੇ ਵਿਕਾਰਾਂ ਰੂਪੀ ਜ਼ਹਿਰ ਨੂੰ ਖਾ ਰਿਹਾ ਹੈਂ।

ਪੰਜਵੇਂ ਪਾਤਸ਼ਾਹ ਉਪਦੇਸ਼ ਦੇ ਰਹੇ ਹਨ ਕਿ ਚੁਰਾਸੀ ਲਖ ਜੂਨਾਂ ਵਿਚ ਭਟਕਦਿਆਂ, ਇਹ ਦੁਰਲਭ ਮਨੁਖਾ ਜਨਮ ਮਿਲਿਆ ਹੈ, ਇਸ ਕਰਕੇ ਜਲਦੀ ਨਾਮ ਜਪ ਲੈ, ਮੌਤ ਦਾ ਦਿਨ ਨੇੜੇ ਆ ਰਿਹਾ ਹੈ - 'ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥ ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥', ਪੰਨਾ ੫੦. ਮਹਾਰਾਜ, ਹੋਰ ਬਚਨ ਕਰਦੇ ਹਨ ਕਿ ਜੋ ਮਨੁਖ, ਪ੍ਰਭੂ ਦਾ ਨਾਮ ਨਹੀਂ ਜਪਦਾ, ਉਹ ਲੱਜਾ ਨਾਲ ਮਰ ਕਿਉਂ ਨਹੀਂ ਜਾਂਦਾ, ਨਾਮ ਜਪੇ ਬਿਨਾਂ, ਕਿਵੇਂ ਸੁਖ ਦੀ ਨੀਂਦ ਸੌਂ ਸਕਦਾ ਹੈ - 'ਲਾਜ ਮਰੈ ਜੋ ਨਾਮੁ ਨ ਲੇਵੈ॥ ਨਾਮ ਬਿਹੂਨ ਸੁਖੀ ਕਿਉ ਸੋਵੈ॥', ਪੰਨਾ ੧੧੪੮.

ਨੌਵੇਂ ਪਾਤਸ਼ਾਹ ਵੀ ਸਾਵਧਾਨ ਕਰ ਰਹੇ ਹਨ ਕਿ 'ਹੇ ਮੂਰਖ ਤੇ ਨਿਰਲੱਜ ਮਨੁਖ ! ਤੂੰ ਪੁਰਾਣ ਆਦਿ ਧਰਮ ਗ੍ਰੰਥਾਂ ਦੇ ਸਮਝਾਉਣ ਤੇ ਵੀ ਨਹੀਂ ਸਮਝਦਾ ਤੇ ਹਰੀ ਦਾ ਸਿਮਰਨ ਨਹੀਂ ਕਰਦਾ, ਤੈਨੂੰ ਸ਼ਰਮ ਆਉਣੀ ਚਾਹੀਦੀ ਹੈ' - 'ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥... ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥'

ਭਗਤ ਕਬੀਰ ਜੀ ਦੇ ਵੀ ਬਚਨ ਹਨ ਕਿ ਜੋ ਮਨੁਖ ਹਰੀ ਦੇ ਨਾਮ ਨੂੰ ਤਿਆਗ ਕੇ ਹੋਰਨਾ ਪਾਸੇ ਮੂੰਹ ਮਾਰਦਾ ਫ਼ਿਰਦਾ ਹੈ, ਹੋਰ ਆਸਰੇ ਤਕਦਾ ਹੈ, ਉਹ ਨਿਰਲੱਜ ਹੈ, ਉਸ ਨੂੰ ਸ਼ਰਮ ਆ ਜਾਣੀ ਚਾਹੀਦੀ ਹੈ ਕਿ ਉਸ ਪ੍ਰਭੂ ਦਾ ਆਸਰਾ ਤਿਆਗ ਕੇ, ਉਸ ਦਾ ਸਿਮਰਣ ਛੱਡ ਕੇ ਤੂੰ ਹੋਰਨਾ ਪਾਸੇ ਭਟਕਦਾ ਫ਼ਿਰਦਾ ਹੈਂ - 'ਰੇ ਜੀਅ ਨਿਲਜ ਲਾਜ ਤੁੋਹਿ ਨਾਹੀ॥ ਹਰਿ ਤਜਿ ਕਤ ਕਾਹੂ ਕੇ ਜਾਂਹੀ॥', ਪੰਨਾ ੩੩੦.

**ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ॥**

**ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ॥੪॥੫॥**

– – ਹੇ ਮੇਰੇ ਪਿਆਰੇ ! ਸਿਰਫ਼ ਧਰਮ ਗ੍ਰੰਥਾਂ ਦੀ ਬਿਧੀ ਅਨੁਸਾਰ ਨੀਅਤ ਚੰਗੇ ਅਤੇ ਮੰਦੇ ਦੋਨਾਂ ਕਰਮਾਂ ਦੇ ਵਿਚਾਰ ਦੇ ਭੰਬਲ-ਭੂਸਿਆਂ ਨੂੰ ਛਡ ਕੇ ਸਿਰਫ਼ ਰਾਮ ਨਾਮ ਦਾ ਸਿਮਰਨ ਕਰ – ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ..........

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੪੦੮ ਤੇ ਫ਼ੁਰਮਾਣ ਕਰਦੇ ਹਨ ਕਿ ਧਰਮ ਗ੍ਰੰਥਾਂ ਦੇ ਕਹੇ ਅਨੁਸਾਰ ਕੀਤੇ ਕਰਮਾਂ ਨਾਲ ਕੁਝ ਨਹੀਂ ਬਣਦਾ, ਸਾਧੂ ਸੰਗਤਿ ਅਤੇ ਉਨ੍ਹਾਂ ਦੁਆਰਾ ਕਰਵਾਏ ਸਿਮਰਣ ਨਾਲ ਪ੍ਰਾਪਤ ਪ੍ਰਭੂ ਦੇ ਦਰਸ਼ਨਾਂ ਤੋਂ ਬਿਨਾਂ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ – 'ਸਿੰਮ੍ਰਿਤਿ ਸਾਸਤ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ॥ ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ॥'

– – ਦਾਸ ਕਬੀਰ ਆਖਦਾ ਹੈ ਕਿ ਗੁਰੂ ਦੀ ਕਿਰਪਾ ਲੈ ਕੇ ਸਿਰਫ਼ ਰਾਮ, ਭਾਵ, ਪ੍ਰਭੂ ਨਾਲ ਪਿਆਰ ਪਾ ਭਾਵ ਉਸ ਦਾ ਸਿਮਰਨ ਕਰ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੪੮ ਤੇ ਉਪਦੇਸ਼ ਕਰਦੇ ਹਨ ਕਿ ਸੰਤ ਦੀ ਸੰਗਤਿ ਕਰਦਿਆਂ ਸਿਮਰਣ ਕਰਣ ਨਾਲ ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਕਟੀ ਜਾਂਦੀ ਹੈ – 'ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥'

ਪਾਤਸ਼ਾਹ ਜੀ, ਸੁਖਮਨੀ ਸਾਹਿਬ ਵਿਚ ਉਪਦੇਸ਼ ਕਰਦੇ ਹਨ ਕਿ ਸਾਧੂ ਦੀ ਸੰਗਤਿ ਕਰਦੇ ਹੋਏ ਪ੍ਰਭੂ ਦਾ ਸਿਮਰਣ ਕਰੋ – 'ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥'

ਸੋ ਹੇ ਗੁਰੂ ਪਿਆਰਿਓ ਆਉ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ.... ਸਿਮਰਨ ਲਈ ਸਮਾਂ ਨਿਸ਼ਚਿਤ ਕਰੀਏ, ਘਟ ਤੋਂ ਘਟ ਇਕ ਘੰਟਾ ਪ੍ਰਤੀ ਦਿਨ.... ਹੌਲੀ-ਹੌਲੀ ਢਾਈ ਘੰਟੇ ਤਕ ਪੁਜੀਏ ਜੋ ਸਮੇ ਦਾ ਦਸਵੰਧ ਹੈ।

